TIPS FOR PARENTS

# High School Courses and Choices



## ਹਾਈ ਸਕੂਲ ਕੋਰਸ ਅਤੇ ਉਪਲਬਧ ਵਿਕਲਪ

ਹਾਈ ਸਕੂਲ ਵਿੱਚ ਦਾਖ਼ਲਾ ਤੁਹਾਡੇ ਬੱਚੇ ਦੀ ਵਿੱਦਿਆ ਵਿੱਚ ਇੱਕ ਅਹਿਮ ਸਮਾਂ ਹੁੰਦਾ ਹੈ। ਵਿਦਿਆਰਥੀਆਂ ਵੱਲੋਂ ਗਰੇਡ 9 ਵਿੱਚ ਚੁਣੇ ਗਏ ਕੋਰਸਾਂ ਦਾ ਇਸ ਗੱਲ ਤੇ ਅਸਰ ਪਵੇਗਾ ਕਿ ਬਾਅਦ ਦੇ ਗਰੇਡਾਂ ਵਿੱਚ, ਅਤੇ ਹਾਈ ਸਕੂਲ ਤੋਂ ਬਾਅਦ ਉ ਕੀ ਪੜ੍ਹ ਸਕਦੇ ਹਨ। ਇਨ੍ਹਾਂ ਮੁੱਦਿਆਂ ਨੂੰ ਸਮਝਣ ਵਿੱਚ ਇਹ "ਟਿਪ ਸ਼ੀਟ" ਦਸਤਾਵੇਜ ਸਿਰਫ਼ ਇੱਕ ਮੁਢਲਾ ਪੜ੍ਹਾਅ ਹੈ।

### *ਮਾਂ-ਬਾਪ ਮਦਦ ਕਿਵੇਂ ਕਰ ਸਕਦੇ ਹਨ?*

ਅਕਤੂਬਰ ਅਤੇ ਜਨਵਰੀ ਦੇ ਵਿਚਕਾਰ, ਗਰੇਡ 8 ਵਿਚਲੇ ਤੁਹਾਡੇ ਵਿਦਿਆਰਥੀ ਨੂੰ ਹਾਈ ਸਕੂਲ ਦੇ ਪ੍ਰੋਗਰਾਮਾਂ ਅਤੇ ਕੋਰਸਾਂ ਬਾਰੇ ਜਾਣਕਾਰੀ ਮਿਲੇਗੀ। ਕਈ ਸਕੂਲ ਹਾਈ ਸਕੂਲ ਸੰਬੰਧੀ ਜਾਣਕਾਰੀ ਵਾਸਤੇ ਸ਼ਾਮ ਦੇ ਸਮਾਗਮ ਜਾਂ "ਓਪਨ ਹਾਊਸ" ਦਾ ਇੰਤਜ਼ਾਮ ਕਰਦੇ ਹਨ। ਜਾਣਕਾਰੀ ਨੂੰ ਪੜ੍ਹਨਾ ਅਤੇ ਜਾਣਕਾਰੀ ਵਾਲੀਆਂ ਸਭਾਵਾਂ ਵਿੱਚ ਜਾਣਾ ਮਹੱਤਵਪੂਰਨ ਹੈ ਤਾਂ ਜੋ ਤੁਸੀਂ ਆਪਣੇ ਬੱਚੇ ਨੂੰ ਅਜਿਹੀਆਂ ਚੋਣਾਂ ਕਰਨ ਵਿੱਚ ਮਦਦ ਦੇ ਸਕੋਂ ਜੋ ਉਸ ਦੀਆਂ ਦਿਲਚਸਪੀਆਂ, ਕਾਬਲੀਅਤਾਂ ਅਤੇ ਭਵਿੱਖ ਦੇ ਟੀਚਿਆਂ ਦੇ ਮੁਤਾਬਕ ਹੋਣ। ਕਈ ਕਮਿਊਨਿਟੀਆਂ ਵਿੱਚ ਗਰੇਡ 8 ਵਿਦਿਆਰਥੀ ਵੱਖ-ਵੱਖ ਕੋਰਸ ਅਤੇ ਪ੍ਰੋਗਰਾਮ ਪੇਸ਼ ਕਰਨ ਵਾਲੇ ਸੈਕੰਡਰੀ ਸਕੂਲਾਂ ਵਿੱਚੋਂ ਆਪਣੀ ਚੋਣ ਕਰਨਗੇ।

ਤੁਹਾਡਾ ਬੱਚਾ ਤੁਹਾਡੇ ਕੋਲੋਂ ਦਸਤਖ਼ਤ ਕਰਵਾਉਣ ਲਈ ਇੱਕ ਫ਼ਾਰਮ ਲੈ ਕੇ ਆਵੇਗਾ। ਫ਼ਾਰਮ ਵਿੱਚ ਚੁਣੇ ਜਾ ਸਕਣ ਵਾਲੇ ਕੋਰਸਾਂ ਦੀ ਸੂਚੀ ਹੋਵੇਗੀ। ਮੌਜੂਦ ਵਿਕਲਪਾਂ ਬਾਰੇ ਬੱਚੇ ਨਾਲ ਸਲਾਹ ਕਰਨਾ ਅਤੇ ਪੱਕਾ ਕਰਨਾ ਕਿ ਉਹ ਆਪਣੀਆਂ ਦਿਲਚਸਪੀਆਂ ਅਤੇ ਕਾਬਲੀਅਤਾਂ ਮੁਤਾਬਕ ਕੋਰਸ ਚੁਣਨ, ਅਹਿਮ ਹੈ।

ਜੇ ਤੁਹਾਨੂੰ ਮਦਦ ਦੀ ਲੋੜ ਹੋਵੇ, ਆਪਣੇ ਸਕੂਲ ਗਾਈਡੈਂਸ ਕੌਂਸਲਰ ਨਾਲ ਗੱਲ ਕਰੋ। ਸਕੂਲ ਅਤੇ ਸਕੂਲ ਬੋਰਡ ਵੀ ਤੁਹਾਡੇ ਵੱਲੋਂ ਚੁਣੇ ਜਾ ਸਕਣ ਵਾਲੇ ਵੱਖ-ਵੱਖ ਸਕੂਲਾਂ ਅਤੇ ਕੋਰਸਾਂ ਦੀ ਸੂਚੀ ਬਾਰੇ ਜਾਣਕਾਰੀ ਛਾਪਦੇ ਹਨ। ਕੈਨੇਡਾ ਵਿੱਚ ਨਵੇਂ ਆਉਣ ਵਾਲੇ ਵਿਅਕਤੀਆਂ ਨੂੰ ਸੈਟਲਮੈਂਟ ਵਰਕਰ ਮਦਦ ਦੇ ਸਕਦੇ ਹਨ।

ਇਹ ਯਾਦ ਰੱਖਣਾ ਬੜਾ ਜ਼ਰੂਰੀ ਹੈ ਕਿ ਵਿਦਿਆਰਥੀਆਂ ਵੱਲੋਂ ਗਰੇਡ 9 ਵਿੱਚ ਚੁਣੇ ਗਏ ਕੋਰਸਾਂ ਦਾ ਭਵਿੱਖ ਵਿੱਚ ਉਨ੍ਹਾਂ ਵੱਲੋਂ ਕੀਤੀਆਂ ਜਾਣ ਵਾਲੀਆਂ ਚੋਣਾਂ ਤੇ ਅਸਰ ਪਵੇਗਾ। ਅਲੱਗ-ਅਲੱਗ ਤਰ੍ਹਾਂ ਦੇ ਅਨੇਕ ਕੋਰਸ ਉਪਲਬਧ ਹਨ। ਕਈਆਂ ਤੋਂ ਬਾਅਦ ਕਮਿਊਨਿਟੀ ਕਾਲਜ ਵਿੱਚ, ਕਈਆਂ ਤੋਂ ਬਾਅਦ ਯੂਨੀਵਰਸਿਟੀ ਵਿੱਚ ਦਾਖ਼ਲਾ, ਅਤੇ ਕਈਆਂ ਤੋਂ ਬਾਅਦ ਕੰਮ ਦੀ ਸਿਖ਼ਲਾਈ ਜਾਂ ਸਿੱਧੇ ਕੰਮ ਮਿਲਦਾ ਹੈ। ਸਾਰੇ ਹਾਈ ਸਕੂਲ ਹਰ ਤਰ੍ਹਾਂ ਦੇ ਕੋਰਸ ਪੇਸ਼ ਨਹੀਂ ਕਰਦੇ।

ਗਰੇਡ 9 ਦੇ ਕੋਰਸਾਂ ਵਿੱਚ ਪਾਸ ਹੋਣ ਵਾਲੇ ਵਿਦਿਆਰਥੀਆਂ ਦੇ ਹਾਈ ਸਕੂਲ ਪਾਸ ਕਰਨ ਦੀ ਸੰਭਾਵਨਾ ਵਧੇਰੇ ਹੁੰਦੀ ਹੈ। ਮਾਪਿਆਂ ਨੂੰ ਚਾਹੀਦਾ ਹੈ ਕਿ ਹਰ ਸਾਲ ਸਹੀ ਕੋਰਸ ਚੁਣਨ ਵਿੱਚ ਆਪਣੇ ਬੱਚਿਆਂ ਦੀ ਮਦਦ ਕਰਨ।

### *ਚੰਗੀਆਂ ਚੋਣਾਂ ਕਰਨ ਵਿੱਚ ਆਪਣੇ ਬੱਚੇ ਦੀ ਮਦਦ ਲਈ ਮਾਂ-ਬਾਪ ਕੀ ਕਰ ਸਕਦੇ ਹਨ?*

- ਆਪਣੇ ਬੱਚੇ ਨਾਲ ਗੱਲ ਕਰੋ ਕਿ ਹਾਈ ਸਕੂਲ ਪਾਸ ਕਰਨ ਤੋਂ ਬਾਅਦ ਉਹ ਕੀ ਕਰਨਾ ਚਾਹੁੰਦਾ ਹੈ।
- ਕੋਰਸ ਸੂਚੀਆਂ ਆਪਣੇ ਸਥਾਨਕ ਸਕੂਲਾਂ ਤੋਂ ਲਉ ਜਾਂ ਡਾਊਨਲੋਡ ਕਰੋ ਜਾਂ ਸਕੂਲ ਦੀ ਵੈੱਬਸਾਈਟ ਤੇ ਸਕੂਲ ਬਾਰੇ ਜਾਣਕਾਰੀ ਵੇਖੋ। ਹਰ ਸਕੂਲ ਵਿੱਚ ਹਰ ਕੋਰਸ, ਅਤੇ ਕੋਰਸਾਂ ਦੀਆਂ ਸਭ ਕਿਸਮਾਂ ਪੇਸ਼ ਨਹੀਂ ਕੀਤੀਆਂ ਜਾਂਦੀਆਂ।
- ਹਾਈ ਸਕੂਲਾਂ ਬਾਰੇ ਜਾਣਕਾਰੀ ਵਾਲੀਆਂ ਸ਼ਾਮਾਂ ਅਤੇ "ਓਪਨ ਹਾਊਸਿਜ਼" ਵਿੱਚ ਹਾਜ਼ਰ ਹੋਵੋ। ਕਈ ਸਕੂਲ ਅਨੁਵਾਦਕਾਂ ਦੀਆਂ ਸੇਵਾਵਾਂ ਵੀ ਦਿੰਦੇ ਹਨ।
- ਅਜਿਹੀਆਂ ਚੋਣਾਂ ਕਰਨ ਲਈ ਜੋ ਤੁਹਾਡੇ ਬੱਚੇ ਦੀਆਂ ਦਿਲਚਸਪੀਆਂ ਅਤੇ ਖ਼ੂਬੀਆਂ ਮੁਤਾਬਕ ਹੋਣ, ਸਕੂਲ ਗਾਈਡੈਂਸ ਕੌਂਸਲਰ, ਵਾਈਸ-ਪ੍ਰਿੰਸੀਪਲ, ਜਾਂ ਪ੍ਰਿੰਸੀਪਲ ਨਾਲ ਮੁਲਾਕਾਤ ਲਈ ਸਮਾਂ ਲਉ।

### *ਓਨਟੇਰੀਓ ਵਿੱਚ ਹਾਈ ਸਕੂਲ ਪਾਸ ਕਰਨ ਬਾਰੇ ਕੀ ਸ਼ਰਤਾਂ ਹਨ?*

- ਵਿਦਿਆਰਥੀਆਂ ਨੂੰ ਗਰੇਡ 9 ਅਤੇ 12 ਵਿਚਾਲੇ 30 ਕ੍ਰੈਡਿਟ ਕੋਰਸ ਪਾਸ ਕਰਨੇ ਪੈਂਦੇ ਹਨ। ਇਨ੍ਹਾਂ 30 ਕ੍ਰੈਡਿਟ ਕੋਰਸਾਂ ਵਿੱਚੋਂ 18 ਲਾਜ਼ਮੀ ਕ੍ਰੈਡਿਟ ਹਨ ਅਤੇ 12 ਚੋਣਵੇਂ ਜਾਂ ਆਪਸ਼ਨਲ ਕ੍ਰੈਡਿਟ ਕੋਰਸਾਂ ਵਿੱਚੋਂ ਲਏ ਜਾ ਸਕਦੇ ਹਨ।
- ਵਿਦਿਆਰਥੀਆਂ ਨੂੰ 40 ਘੰਟੇ ਕਮਿਊਨਿਟੀ ਸੇਵਾ ਲਾਜ਼ਮੀ ਕਰਨੀ ਪੈਂਦੀ ਹੈ।
- ਵਿਦਿਆਰਥੀਆਂ ਨੂੰ "ਓਨਟੇਰੀਓ ਸੈਕੰਡਰੀ ਸਕੂਲ ਲਿਟਰੇਸੀ ਟੈਸਟ" ਜਾਂ "ਲਿਟਰੇਸੀ ਕੋਰਸ" ਪਾਸ ਕਰਨਾ ਹੀ ਪੈਂਦਾ ਹੈ।
- ਬਹੁਤੇ ਵਿਦਿਆਰਥੀ ਹਾਈ ਸਕੂਲ ਚਾਰ ਜਾਂ ਪੰਜ ਸਾਲਾਂ ਵਿੱਚ ਮੁਕੰਮਲ ਕਰ ਲੈਂਦੇ ਹਨ ਪਰ ਉਹ 21 ਸਾਲ ਦੀ ਉਮਰ ਤਕ ਰਹਿ ਸਕਦੇ ਹਨ।

### *ਗਰੇਡ 9 ਅਤੇ 10 ਵਿੱਚ ਵਿਦਿਆਰਥੀ ਕੀ ਚੋਣਾਂ ਕਰ ਸਕਦੇ ਹਨ?*

ਗਰੇਡ 9 ਅਤੇ 10 ਵਿੱਚ ਚਾਰ ਤਰ੍ਹਾਂ ਦੇ ਕੋਰਸ ਹਨ:

- **ਐਪਲਾਈਡ** – ਵਿਹਾਰਕ ਵਰਤੋਂ ਅਤੇ ਠੋਸ ਉਦਾਹਰਣਾਂ ਤੇ ਧਿਆਨ ਕੇਂਦ੍ਰਿਤ ਕਰਦੇ ਹਨ;
- **ਅਕਾਦਮਿਕ** – ਸਿਧਾਂਤ ਅਤੇ ਗੁਣਵਾਚੀ (abstract) ਸਮੱਸਿਆਵਾਂ ਤੇ ਧਿਆਨ ਦਿੰਦੇ ਹਨ;
- **ਸਥਾਨਕ ਤੌਰ ਤੇ ਵਿਕਸਤ** ਲਾਜ਼ਮੀ (essential) ਕਰੈਡਿਟ ਵਾਲੇ ਅਜਿਹੇ ਵਿਦਿਆਰਥੀਆਂ ਲਈ ਕੋਰਸ ਜਿਨ੍ਹਾਂ ਨੂੰ ਵਧੇਰੇ ਲਿਹਾਜ਼ ਅਤੇ ਹਿਮਾਇਤ ਦੀ ਲੋੜ ਹੋਵੇ; ਅਤੇ
- **ਖੁੱਲ੍ਹੇ (open)** – ਵਿਦਿਆਰਥੀਆਂ ਨੂੰ ਅਗਲੀ ਪੜ੍ਹਾਈ ਲਈ ਤਿਆਰ ਕਰਨ ਅਤੇ ਉਨ੍ਹਾਂ ਦੀ ਵਿਦਿਆ ਨੂੰ ਭਰਪੂਰ ਬਣਾਉਣ ਲਈ।

ਵਿਦਿਆਰਥੀਆਂ ਨੂੰ ਅੰਗਰੇਜ਼ੀ, ਗਣਿਤ, ਵਿਗਿਆਨ, ਭੂਗੋਲ, ਇਤਿਹਾਸ, ਸਰੀਰਕ ਸਿੱਖਿਆ, ਅਤੇ ਫ੍ਰੈਂਚ ਲਾਜ਼ਮੀ ਲੈਣੇ ਪੈਂਦੇ ਹਨ। ਅਲੱਗ-ਅਲੱਗ ਤਰ੍ਹਾਂ ਦੇ ਕੋਰਸਾਂ ਨੂੰ ਰਲਾ ਕੇ ਪੜ੍ਹਨ ਦੀ ਮਰਜ਼ੀ ਵਿਦਿਆਰਥੀਆਂ ਦੀ ਹੈ। ਮਿਸਾਲ ਵਜੋਂ, ਵਿਦਿਆਰਥੀ ਐਪਲਾਈਡ ਇੰਗਲਿਸ਼ ਅਤੇ ਅਕਾਦਮਿਕ ਗਣਿਤ ਚੁਣ ਸਕਦਾ ਹੈ। ਉਹ ਅਜਿਹੇ ਵਿਸ਼ਿਆਂ ਵਿੱਚ ਚੋਣਵੇਂ ਜਾਂ ਓਪਨ ਕੋਰਸਾਂ ਵਿੱਚੋਂ ਵੀ ਚੁਣ ਸਕਦੇ ਹਨ ਜਿਨ੍ਹਾਂ ਵਿੱਚ ਉਨ੍ਹਾਂ ਦੀ ਦਿਲਚਸਪੀ ਹੋਵੇ।

### *ਗਰੇਡ 9 ਅਤੇ 10 ਵਿੱਚ ਚੁਣੇ ਕੋਰਸਾਂ ਦਾ ਵਿਦਿਆਰਥੀਆਂ ਤੇ ਕੀ ਅਸਰ ਹੁੰਦਾ ਹੈ?*

ਵਿਦਿਆਰਥੀਆਂ ਵੱਲੋਂ ਗਰੇਡ 9 ਅਤੇ 10 ਵਿੱਚ ਚੁਣੇ ਗਏ ਕੋਰਸ ਉਨ੍ਹਾਂ ਨੂੰ ਗਰੇਡ 11 ਅਤੇ 12 ਦੇ ਖਾਸ ਕੋਰਸਾਂ ਲਈ ਤਿਆਰ ਕਰਦੇ ਹਨ ਅਤੇ ਪਾਸ ਹੋ ਜਾਣ ਤੋਂ ਬਾਅਦ ਉਨ੍ਹਾਂ ਦੀ ਪਸੰਦ ਨੂੰ ਪ੍ਰਭਾਵਿਤ ਕਰਨਗੇ।

people for Education
BECAUSE EDUCATION MATTERS MOST

Copies are available in several languages at www.peopleforeducation.com.
For more information, call 416-534-0100 or email: info@peopleforeducation.com
© People for Education 2009
The Ontario Trillium Foundation
La Fondation Trillium de l'Ontario
toronto community foundation

# High School Courses and Choices

***ਕੋਰਸ ਕਿੱਥੇ ਪਹੁੰਚਾ ਸਕਦੇ ਹਨ?***




***ਗਰੇਡ 11 ਅਤੇ 12 ਵਿੱਚ ਵਿਦਿਆਰਥੀਆਂ ਕੋਲ ਕੀ ਵਿਕਲਪ ਹਨ?***

ਹਾਈ ਸਕੂਲ ਤੋਂ ਬਾਅਦ ਦੇ ਟੀਚਿਆਂ ਲਈ ਤਿਆਰ ਹੋਣ ਵਾਸਤੇ ਵਿਦਿਆਰਥੀਆਂ ਕੋਲ ਚਾਰ ਤਰ੍ਹਾਂ ਦੇ ਕੋਰਸਾਂ ਵਿੱਚੋਂ ਚੋਣ ਕਰਨ ਦੀ ਸਹੂਲਤ ਹੈ: ਕੰਮ ਵਾਲੀ ਥਾਂ, ਕਾਲਿਜ, ਯੂਨੀਵਰਸਿਟੀ/ਕਾਲਿਜ, ਅਤੇ ਯੂਨੀਵਰਸਿਟੀ।

***ਕੀ ਵਿਦਿਆਰਥੀ ਇੱਕ ਕਿਸਮ ਦੇ ਕੋਰਸ ਤੋਂ ਦੂਜੀ ਕਿਸਮ ਦੇ ਕੋਰਸ ਵਿੱਚ ਤਬਦੀਲ ਹੋ ਸਕਦੇ ਹਨ?***

ਕਈ ਹਾਲਤਾਂ ਵਿੱਚ, ਵਿਦਿਆਰਥੀ ਇੱਕ ਕਿਸਮ ਦੇ ਕੋਰਸ ਤੋਂ ਦੂਜੀ ਕਿਸਮ ਦੇ ਕੋਰਸ ਵਿੱਚ ਤਬਦੀਲ ਹੋ ਸਕਦੇ ਹਨ। ਅਜਿਹਾ ਕਰਨ ਲਈ, ਉਨ੍ਹਾਂ ਨੂੰ ਕੋਈ ਮਜ਼ਬੂਨ ਦੁਬਾਰਾ ਕਰਨਾ ਪੈ ਸਕਦਾ ਹੈ (ਜਿਵੇਂ, ਗਰੇਡ 9 ਦਾ ਐਪਲਾਈਡ ਗਣਿਤ ਪਾਸ ਕਰ ਚੁੱਕੇ ਕਿਸੇ ਵਿਦਿਆਰਥੀ ਨੂੰ ਗਰੇਡ 9 ਦਾ ਅਕਾਦਮਿਕ ਗਣਿਤ ਪਾਸ ਕਰਨਾ ਪੈ ਸਕਦਾ ਹੈ)। ਜਾਂ ਇਹ ਵੀ ਹੋ ਸਕਦਾ ਹੈ ਕਿ ਵਿਦਿਆਰਥੀ ਕੋਈ ਆਨ-ਲਾਈਨ ਜਾਂ ਗਰਮੀਆਂ ਦੇ ਸਕੂਲ ਵਿੱਚ ਤਬਾਦਲੇ ਦਾ ਕੋਰਸ ਲੈ ਲਵੇ। ਗਾਈਡੈਂਸ ਕੌਂਸਲਰ ਤੁਹਾਡੀ ਮਦਦ ਕਰ ਸਕਦਾ ਹੈ।

***ਕੋਈ ਹਾਈ ਸਕੂਲ ਚੁਣਨ ਵੇਲੇ ਮਾਂ-ਬਾਪ ਨੂੰ ਕੀ ਪੁੱਛਣਾ ਚਾਹੀਦਾ ਹੈ?***

- ਗਰੇਡ 9 ਅਤੇ 10 ਦੇ ਅਕਾਦਮਿਕ, ਐਪਲਾਈਡ ਅਤੇ ਸਥਾਨਕ ਤੌਰ ਤੇ ਵਿਕਸਤ ਕੀਤੇ ਕੋਰਸਾਂ ਵਿੱਚ ਤੁਸੀਂ ਕਿਹੜੈ ਮਜ਼ਬੂਨ ਪੇਸ਼ ਕਰਦੇ ਹੋ?
- ਗਰੇਡ 11 ਅਤੇ 12 ਦੇ ਕੰਮ ਨਾਲ ਸੰਬੰਧਤ ਥਾਵਾਂ, ਕਾਲਿਜ, ਕਾਲਿਜ/ਯੂਨੀਵਰਸਿਟੀ, ਜਾਂ ਯੂਨੀਵਰਸਿਟੀ ਕੋਰਸਾਂ ਵਿੱਚ ਤੁਸੀਂ ਕਿਹੜੈ ਮਜ਼ਬੂਨ ਪੇਸ਼ ਕਰਦੇ ਹੋ?
- ਤੁਸੀਂ ਕਿਹੜੇ ਚੋਣਵੇਂ ਵਿਸ਼ੇ ਪੇਸ਼ ਕਰਦੇ ਹੋ? (ਜਿਵੇਂ ਕੰਪਿਊਟਰ ਨੈੱਟਵਰਕਿੰਗ, ਭਾਸ਼ਾਵਾਂ)
- ਕੀ ਇਸ ਤਰ੍ਹਾਂ ਦੀ ਕੋਈ ਸੰਭਾਵਨਾ ਹੈ ਕਿ ਕਈ ਕੋਰਸ ਘੱਟ ਵਿਦਿਆਰਥੀ ਹੋਣ ਕਾਰਣ ਰੱਦ ਕਰ ਦਿੱਤੇ ਜਾਣਗੇ? ਕਿਹੜੇ?

***ਸਪੈਸ਼ਲ ਐਜੁਕੇਸ਼ਨ ਵਿੱਚ ਮਦਦ ਲਈ ਮਾਂ-ਬਾਪ ਨੂੰ ਕੀ ਪੁੱਛਣਾ ਚਾਹੀਦਾ ਹੈ?***

- ਕਿਸ ਤਰ੍ਹਾਂ ਦੀਆਂ ਖਾਸ ਲੋੜਾਂ ਵਿੱਚ ਤੁਹਾਡਾ ਸਕੂਲ ਮਦਦ ਕਰ ਸਕਦਾ ਹੈ?
- ਤੁਹਾਡੇ ਸਕੂਲ ਕੋਲ ਕਿਹੜੇ ਵਸੀਲੇ ਹਨ? (ਜਿਵੇਂ ਕਰਮਚਾਰੀ, ਪ੍ਰੋਗਰਾਮ, ਕੰਪਿਊਟਰ ਲੈਬ, ਖਾਸ ਕੋਰਸ)
- ਖਾਸ ਲੋੜ ਵਾਲੇ ਵਿਦਿਆਰਥੀਆਂ ਲਈ ਤੁਸੀਂ ਕਿਸ ਤਰ੍ਹਾਂ ਦੇ ਪ੍ਰੋਗਰਾਮ ਪੇਸ਼ ਕਰਦੇ ਹੋ? ਕੀ ਉਹ ਅਲਹਿਦਾ ਕੋਰਸ ਹਨ ਜਾਂ ਕਿਸੇ ਮੌਜੂਦ ਕੋਰਸ ਨਾਲ ਜੋੜ ਕੇ ਪੇਸ਼ ਕੀਤੇ ਜਾਂਦੇ ਹਨ?

***ਈ.ਐੱਸ.ਐੱਲ. ਪ੍ਰੋਗਰਾਮਾਂ ਬਾਰੇ ਮਾਂ-ਬਾਪ ਨੂੰ ਕੀ ਪੁੱਛਣਾ ਚਾਹੀਦਾ ਹੈ?***

- ਕੀ ਤੁਸੀਂ ਈ.ਐੱਸ.ਐੱਲ. ਕੋਰਸ ਪੇਸ਼ ਕਰਦੇ ਹੋ? ਕਿਹੜੇ ਮਜ਼ਬੂਨਾਂ ਵਿੱਚ?

***ਵਧੇਰੇ ਜਾਣਕਾਰੀ ਲਈ:***

- ਆਪਣੇ ਸਕੂਲ ਬੋਰਡ ਦੀ ਵੈੱਬਸਾਈਟ ਵੇਖੋ ਜਾਂ ਆਪਣੇ ਬੱਚੇ ਦੇ ਸਕੂਲ ਨੂੰ ਫ਼ੋਨ ਕਰੋ
- ਮਨਿਸਟਰੀ ਆਫ਼ ਐਜੁਕੇਸ਼ਨ http://www.edu.gov.on.ca/eng/document/curricul/secondary/oss/oss.pdf
- http://www.settlement.org/edguide   Newcomers' Guide to Secondary School (*ਨਿਊਕਮਰਜ਼ ਗਾਈਡ ਟੂ ਸੈਕੰਡਰੀ ਸਕੂਲ*).


people for Education
BECAUSE EDUCATION MATTERS MOST

People for Education is an independent parents' group working to support public education in Ontario's English, French and Catholic schools.

**You can reach us at:** P.O. Box 64, Station P, Toronto, Ontario, M5S 2S6
Phone: 416-534-0100 • fax: 416-536-0100 • email: *info@peopleforeducation.com* or visit: *www.peopleforeducation.com*